BRAMPTON Flower City brampton.ca

media release

21 ਜਨਵਰੀ, 2019

# ਬ੍ਰੈਂਪਟਨ ਨੂੰ ਪੂਰੀ ਦੁਨੀਆ ਵਿੱਚ ਨਾਗਰਿਕਾਂ 'ਤੇ ਕੇਂਦਰਿਤ ਸਮਾਰਟ ਸਿਟੀ ਦੇ ਤੌਰ ਤੇ ਮਾਨਤਾ ਮਿਲੀ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਨੂੰ ਪਰਿਵਰਤਨਕਾਰੀ ਪ੍ਰੋਜੈਕਟਾਂ ਲਈ ਦੋ ਸਮਾਰਟ 50 ਅਵਾਰਡਸ (Smart 50 Awards) ਨਾਲ ਸਨਮਾਨਿਤ ਕੀਤਾ ਗਿਆ ਹੈ। ਇਹਨਾਂ ਪ੍ਰੋਜੈਕਟਾਂ ਦੁਆਰਾ ਸਿਟੀ ਦੇ ਆਪਣੇ ਸੰਚਾਲਨਾਂ ਵਿੱਚ ਲਗਾਤਾਰ ਸੁਧਾਰ ਕਰਕੇ ਨਿਵਾਸੀਆਂ ਦੀ ਜੀਵਨ ਕੁਆਲਿਟੀ ਵਿੱਚ ਯੋਗਦਾਨ ਦਿੱਤਾ ਹੈ।

2017 ਵਿੱਚ ਸ਼ੁਰੂ ਕੀਤੇ ਗਏ ਬ੍ਰੈਂਪਟਨ ਦੇ ਦੋ ਪ੍ਰੋਜੈਕਟ, ਤਕਨੀਕ, ਪਰਫੌਰਮੈਂਸ ਅਨੁਮਾਨ ਅਤੇ ਸੇਵਾ ਸੰਤੁਸ਼ਟੀ ਨੂੰ ਆਪਸ ਵਿੱਚ ਜੋੜਦੇ ਹਨ:

- **ਆਟੋਮੈਟਿਕ ਵਹੀਕਲ ਮਾਨੀਟਰਿੰਗ (ਏ.ਵੀ.ਐਮ.) (Automatic Vehicle Monitoring) (AVM)** ਪ੍ਰਣਾਲੀ ਨਾਲ ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਵਾਹਨਾਂ ਦੀ ਸਿਹਤ ਸਥਿਤੀ ਦਾ ਨਿਰੀਖਣ ਕਰ ਸਕਦੀ ਹੈ, ਜਿਸ ਦੇ ਨਾਲ ਸਿਟੀ ਦੇ ਬੱਸ ਫਲੀਟ ਦੀ ਭਰੋਸੇਯੋਗਤਾ ਅਤੇ ਸਰਬੋਤਮ ਮੁਰੰਮਤ ਵਿੱਚ ਵਾਧਾ ਹੁੰਦਾ ਹੈ। ਇਸ ਦੇ ਨਾਲ ਹੀ ਮਕੈਨੀਕਲ ਬ੍ਰੇਕਡਾਊਨ ਨੂੰ ਰੋਕ ਕੇ ਅਤੇ ਅਚਾਨਕ ਹੋਣ ਵਾਲੀ ਮਕੈਨੀਕਲ ਖਰਾਬੀ (ਰੋਡ ਕਾਲਸ) ਨੂੰ ਘੱਟ ਕਰਕੇ ਸਵਾਰੀਆਂ ਦੇ ਅਨੁਭਵ ਨੂੰ ਬਿਹਤਰ ਵੀ ਬਣਾਉਂਦੀ ਹੈ।
- **ਆਟੋਮੈਟਿਕ ਵਹੀਕਲ ਲੋਕੇਟਰ (ਏ.ਵੀ.ਐਲ.) Automatic Vehicle Locator (AVL) ਪ੍ਰਣਾਲੀ** ਸਿਟੀ ਦੇ ਹੋਰ ਸਾਰੇ ਵਾਹਨਾਂ (ਬੱਸਾਂ ਜਾਂ ਫਾਇਰ ਟਰੱਕਾਂ ਲਈ ਨਹੀਂ) ਲਈ ਖਾਸ ਹੈ ਅਤੇ ਇਹ ਸਰਦੀ ਦੇ ਸੰਚਾਲਨਾਂ ਅਤੇ ਬਾਇ-ਲਾੱ ਐਨਫੋਰਸਮੈਂਟ (ਉਪ-ਕਨੂੰਨ ਲਾਗੂਕਰਣ) ਸਮੇਤ, ਸੇਵਾ ਡਿਲੀਵਰੀ ਨੂੰ ਬਿਹਤਰ ਬਣਾਉਣ ਲਈ ਵਾਹਨ ਦੀ ਗਤੀਵਿਧੀ ਦਾ ਪਤਾ ਲਗਾਉਂਦੀ ਹੈ ਅਤੇ ਵਾਤਾਵਰਨ ਸਬੰਧੀ ਡੇਟਾ ਇਕੱਤਰ ਕਰਦੀ ਹੈ।

ਸਮਾਰਟ ਸਿਟੀਜ ਕਨੈਕਟ (Smart Cities Connect), ਸਮਾਰਟ ਸਿਟੀਜ ਕਨੈਕਟ ਫਾਉਂਡੇਸ਼ਨ (Smart Cities Connect Foundation) ਅਤੇ ਯੂ.ਐਸ. ਇਗਨਾਈਟ (US Ignite) ਦੀ ਭਾਈਵਾਲੀ ਦੇ ਨਾਲ, ਸਮਾਰਟ 50 ਅਵਾਰਡਸ (Smart 50 Awards), ਗਲੋਬਲ ਸਮਾਰਟ ਸਿਟੀਜ ਪ੍ਰੋਜੈਕਟਾਂ ਨੂੰ ਸਾਲਾਨਾ ਤੌਰ ਤੇ ਮਾਨਤਾ ਦੇ ਕੇ, ਸਭ ਤੋਂ ਵੱਧ ਨਵੀਨਤਾਕਾਰੀ ਅਤੇ ਪ੍ਰਭਾਵਸ਼ਾਲੀ ਕੰਮ ਨੂੰ ਸਨਮਾਨ ਦਿੰਦੇ ਹਨ।

ਬ੍ਰੈਂਪਟਨ ਦੇ 2040 ਵਿਜਨ (Brampton's 2040 Vision) ਦੇ "ਟੈਕਨੋਲੋਜੀ" ਲੈਂਸ ਦੇ ਮਾਰਗ ਦਰਸ਼ਨ ਨਾਲ, ਸਿਟੀ ਦੀ ਡਿਜੀਟਲ ਨਵੀਨਤਾਕਾਰੀ ਅਤੇ ਸੂਚਨਾ ਤਕਨੀਕ (Digital Innovation and Information Technology) ਡਿਵੀਜਨ ਨੇ ਇੱਕ ਸਮਾਰਟ ਸਿਟੀਜ ਯੂਨਿਟ ਬਣਾਈ ਹੈ। ਕਾਰਜਨੀਤੀ ਅਤੇ ਫ੍ਰੇਮਵਰਕ ਬਣਾਉਣ ਦਾ ਕੰਮ ਕਰਕੇ, ਇਹ ਸ਼ਾਨਦਾਰ ਟੀਮ, ਤਕਨੀਕ ਨਾਲ ਬ੍ਰੈਂਪਟਨ ਨੂੰ ਬਿਹਤਰ ਬਣਾਉਣ ਦੇ ਤਰੀਕੇ ਦੀ ਕਮਾਨ ਸੰਭਾਲਣ ਵਿੱਚ ਸਿਟੀ ਨੂੰ ਸਮਰੱਥ ਬਣਾ ਰਹੀ ਹੈ। ਪਰੰਪਰਾਗਤ ਸ਼ਹਿਰੀ-ਨਿਰਮਾਣ ਨੂੰ ਚੁਣੌਤੀ ਦੇ ਕੇ, ਸਮਾਰਟ ਸਿਟੀ ਕਾਰਜਨੀਤੀ, ਭਾਈਚਾਰੇ ਅਤੇ ਨਿੱਜੀ ਅਤੇ ਪਬਲਿਕ ਸੈਕਟਰਾਂ ਵਿੱਚ ਸਹਿਯੋਗ ਲਈ ਸਾਂਝੀ ਜ਼ਿੰਮੇਵਾਰੀ ਅਤੇ ਮੌਕੇ ਪੈਦਾ ਕਰਦੀ ਹੈ।

**ਹਵਾਲੇ**

"ਸਮਾਰਟ ਸਿਟੀ (Smart City) ਤਕਨੀਕ, ਬ੍ਰੈਂਪਟਨ ਵਰਗੇ ਵੱਡੇ ਸ਼ਹਿਰੀ ਵਾਤਾਵਰਨ ਵਿੱਚ ਨਾਗਰਿਕਾਂ ਲਈ ਸੁਧਾਰ ਦੇ ਹੋਰ ਹੱਲ ਲਭੱਣ ਵਿੱਚ ਸਹਾਇਕ ਹੈ। ਹਾਲੀਆ ਸਰਦੀ ਦੀਆਂ ਘਟਨਾਵਾਂ ਵਿੱਚ ਏ.ਵੀ.ਐਲ. (AVL) ਪ੍ਰਣਾਲੀ ਦੀ ਵਰਤੋਂ ਨਾਲ ਸਟਾਫ ਤੂਫਾਨ ਦੇ ਦੌਰਾਨ, ਸਿਟੀ ਦੀਆਂ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਬੰਧਿਤ ਕਰ ਸਕਦਾ ਹੈ। ਇਸ ਨਾਲ ਸਾਨੂੰ ਇਹ ਨਿਰਧਾਰਤ ਕਰਨ ਵਿੱਚ ਮਦਦ ਮਿਲਦੀ ਹੈ ਕਿ ਕਿਹੜੇ ਖੇਤਰਾਂ ਵਿੱਚ ਸੇਵਾ ਦੀ

ਲੋੜ ਹੈ, ਸੇਵਾ ਦਾ ਪ੍ਰਕਾਰ ਜਾਂ ਤਰਜੀਹ ਕੀ ਹੈ ਅਤੇ ਸੇਵਾ ਮੁਹੱਈਆ ਕਰਨ ਵਾਲੇ ਵਾਹਨ ਕਿਹੋ ਜਿਹੇ ਹੋਣੇ ਚਾਹੀਦੇ ਹਨ। ਇਸ ਨਾਲ ਅਸੀਂ ਬ੍ਰੈਂਪਟਨ ਨੂੰ ਸੁਰੱਖਿਅਤ ਰੂਪ ਨਾਲ ਗਤੀਵਿਧੀ ਕਰਦੇ ਰੱਖਣ ਦੇ ਯੋਗ ਹਾਂ।"

- *ਮੇਅਰ ਪੈਟਰਿਕ ਬ੍ਰਾਊਨ* (Patrick Brown)

"ਸੇਵਾ ਡਿਲੀਵਰੀ ਦੇ ਪ੍ਰਤੀ ਬ੍ਰੈਂਪਟਨ ਦਾ ਦ੍ਰਿਸ਼ਟੀਕੋਣ ਭਾਈਚਾਰਕ ਸ਼ਮੂਲੀਅਤ ਅਤੇ ਲਗਾਤਾਰ ਸੋਧ ਦੇ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਅਵਾਰਡਸ ਸਾਡੇ ਨਿਵਾਸੀਆਂ ਦੀਆਂ ਵਿਵਿਧ ਲੋੜਾਂ ਨੂੰ ਅਨੁਕੂਲ ਬਣਾਉਣ, ਸਹਿਯੋਗ ਦੇਣ ਅਤੇ ਪ੍ਰਬੰਧਿਤ ਕਰਨ ਲਈ ਸਮਾਰਟ ਸਿਟੀ (Smart City) ਹੱਲ 'ਤੇ ਸਾਡੀ ਇਕਾਗਰਤਾ ਨੂੰ ਦਰਸਾਉਂਦੇ ਹਨ।"

- *ਜੋਸਫ ਪਿਟਾਰੀ* (Joseph Pittari), *ਐਕਟਿੰਗ ਸੀ.ਏ.ਓ./ਕਾਰਪੋਰੇਟ ਸਰਵਿਸਿਜ਼ ਕਮਿਸ਼ਨਰ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter, Facebook ਅਤੇ Instagram 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca